# ਫੈਕਟ ਸ਼ੀਟ 02
# ਨਸਲੀ ਗਰੀਬੀ

## ◆ ਨਸਲੀ ਗਰੀਬੀ ਦਾ ਮਾਪਦੰਡ

ਕਨੇਡਾ ਵਿੱਚ ਅਕਸਰ ਵਿੱਤੀ ਤੰਗੀ ਨੂੰ ਮਾਪਣ ਲਈ ਲੋ ਇਨਕਮ ਕਟ-ਆਫ (Low Income Cut-Off, LICO ) ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਜਲਦੀ ਹੀ ਲੋ ਇਨਕਮ ਮੈਜ਼ਰ (Low Income Measure, LIM) ਦੀ ਵਰਤੋਂ ਸ਼ੁਰੂ ਕੀਤੀ ਜਾਵੇਗੀ ਜੋ ਕਿ ਆਮ ਤੌਰ ਤੇ ਅੰਤਰਰਾਸ਼ਟਰੀ ਪੱਧਰ ‘ਤੇ ਤੁਲਨਾ ਕਰਨ ਲਈ ਵਰਤੀ ਜਾਂਦੀ ਹੈ।

ਲਿਕੋ ਦਰਸਾਉਂਦਾ ਹੈ ਕਿ ਕਿੰਨੇ ਪਰਿਵਾਰ ਆਪਣੀ ਆਮਦਨੀ ਦਾ ਔਸਤਨ ਪ੍ਰਤੀਸ਼ਤ ਨਾਲੋਂ ਵੱਧ ਖਾਣਾ, ਕੱਪੜੇ ਅਤੇ ਰਿਹਾਇਸ਼ ਵਰਗੀਆਂ ਰੋਜ਼-ਮਰ੍ਹਾ ਦੀਆਂ ਜ਼ਰੂਰਤਾਂ 'ਤੇ ਖਰਚ ਕਰ ਰਹੇ ਹਨ । ਟੈਕਸ ਤੋਂ ਬਾਅਦ ਘੱਟ-ਆਮਦਨੀ ਮਾਪ (After-tax Low Income Measure, LIM-AT) ਦਰਸਾਉਂਦਾ ਹੈ ਕਿ ਸਮਾਨ ਆਕਾਰ ਵਾਲੇ ਕਿੰਨੇ ਪਰਿਵਾਰਾਂ ਦੀ ਆਮਦਨੀ ਦੇਸ਼ ਦੀ ਦਰਮਿਆਨੀ (ਔਸਤ) ਆਮਦਨ ਨਾਲੋਂ ਅੱਧੀ ਹੈ ।

ਉਪਰੋਕਤ ਤੋਂ ਇਲਾਵਾ ਕਿਸੇ ਪ੍ਰਾਂਤ ਜਾਂ ਖੇਤਰ ਵਿੱਚ ਨਸਲੀਕਰਨ ਦੇ ਪ੍ਰਭਾਵਾਂ ਕਰਕੇ ਆਈ ਗਰੀਬੀ ਨੂੰ ਸਮਝਣ ਲਈ ਸਵਦੇਸ਼ੀ ਜਾਂ ਜਾਤੀਗਤ ਪਛਾਣ, ਲਿੰਗ, ਉਮਰ, ਅਪੰਗਤਾ, ਜਿਨਸੀ ਰੁਝਾਨ, ਇਮੀਗ੍ਰੇਸ਼ਨ ਸਥਿਤੀ ਅਤੇ ਪਰਿਵਾਰ ਵਰਗੇ ਕਾਰਕਾਂ ਨੂੰ ਸਮਝਣਾ ਵੀ ਜ਼ਰੂਰੀ ਹੈ।

**ਨਸਲੀਕਰਨ (Racism)** ਤੋਂ ਭਾਵ ਇਨਸਾਨੀ ਨਸਲਾਂ ਨੂੰ ਅਸਲ, ਵੱਖਰੇ ਅਤੇ ਅਸਮਾਨ ਢੰਗ ਨਾਲ ਵੰਡਣ ਦੀ ਪ੍ਰਕਿਰਿਆ ਤੋਂ ਹੈ ਜੋ ਆਰਥਿਕ, ਰਾਜਨੀਤਿਕ ਅਤੇ ਸਮਾਜਕ ਜੀਵਨ ਲਈ ਮਹੱਤਵਪੂਰਣ ਹਨ । ਨਸਲੀ ਭਿੰਨਤਾ ਦਾ ਆਧਾਰ ਵਿਗਿਆਨ ਜਾਂ ਜੀਵ-ਵਿਗਿਆਨ ਨਹੀਂ ਬਲਕਿ ਸਮਾਜ ਵਿੱਚ ਪੈਦਾ ਹੋਏ ਵੱਲੋਂ ਚੁਣੇ ਗਏ ਮਤਭੇਦਾਂ' ਅਤੇ ਉਹਨਾਂ ਦੇ ਸਿੱਟਿਆਂ ‘ਤੇ ਆਧਾਰਿਤ ਹੈ।
ਲੋਕਾਂ ਨੂੰ ਨਾ ਸਿਰਫ ਚਮੜੀ ਦੇ ਰੰਗ ਦੇ ਅਧਾਰ ਤੇ, ਬਲਕਿ ਉਹਨਾਂ ਦੀ ਸੰਸਕ੍ਰਿਤੀ, ਭਾਸ਼ਾ, ਰਿਵਾਜ, ਵੰਸ਼, ਦੇਸ਼, ਨਾਗਰਿਕਤਾ ਜਾਂ ਧਰਮ ਵਿਰੋਧੀ ਧਾਰਨਾਵਾਂ ਜਿਵੇਂ ਇਸਲਾਮਫੋਬੀਆ (Islamophobia) ਅਤੇ ਸਿੱਖ ਵਿਰੋਧੀ (Anti-Sikh) ਆਦਿ ਦੇ ਅਧਾਰ ਤੇ ਵੀ ਨਸਲਭੇਦ ਦਾ ਸਾਹਮਣਾ ਕਰਨਾ ਪੈਂਦਾ ਹੈ।

Aa

## ◆ ਅਸੀਂ ਕਿਨ੍ਹਾਂ ਬਾਰੇ ਗੱਲ ਕਰ ਰਹੇ ਹਾਂ?

ਇਹਨਾਂ ਤੱਥ ਸ਼ੀਟਾਂ (Fact Sheets) ਵਿੱਚ ਦਿੱਤੀ ਜਾਣਕਾਰੀ ਉਨ੍ਹਾਂ ਗੈਰ ਯੂਰਪੀਅਨ ਪਿਛੋਕੜ ਜਾਂ ਵਿਰਾਸਤੀ ਕੈਨੇਡੀਅਨਾਂ ਦੇ ਅੰਕੜਿਆਂ ਨੂੰ ਦਰਸਾਉਂਦੀਆਂ ਹਨ ਜੋ ਜਾਂ ਤਾਂ ਕੈਨੇਡਾ ਦੇ ਜੰਮਪਲ ਹਨ ਜਾਂ ਕਿ ਕਿਤੇ ਹੋਰ ਜਨਮੇ ਹਨ । ਇਸ ਤੋਂ ਇਲਾਵਾ ਅਸੀਂ ਆਪਣੀਆਂ ਤੱਥ ਸ਼ੀਟਾਂ ਵਿਚ ਦੇਸੀ ਲੋਕਾਂ ਦਾ ਵੀ ਬਰਾਬਰ ਹਵਾਲਾ ਦਿੱਤਾ ਹੈ, ਜਿਨ੍ਹਾਂ ਦਾ ਆਪਣਾ ਇਕ ਵੱਖਰਾ ਇਤਿਹਾਸ ਅਤੇ ਤਜ਼ਰਬਾ ਹੈ।

ਸਵਦੇਸ਼ੀ ਲੋਕਾਂ (Indigenous Peoples) ਬਾਰੇ ਅਸੀਂ ਸੰਵਿਧਾਨ ਐਕਟ, 1982 ਵਿਚ ਦੱਸੀ ਗਈ ਤੇ ਸਭ ਤੋਂ ਆਮ ਸਵੀਕਾਰ ਕੀਤੀ ਪਰਿਭਾਸ਼ਾ ਨੂੰ ਮੰਨਦੇ ਹਾਂ ਜਿਸ ਅਨੁਸਾਰ ਸਵਦੇਸ਼ੀ ਲੋਕਾਂ ਨੂੰ ਫਰਸਟ ਨੇਸ਼ਨਜ਼ (ਸਟੇਟਸ ਅਤੇ ਨਾਨ-ਸਟੇਟਸ) (First Nations), ਮੈਟਿਸ (Métis) ਅਤੇ ਇਨਯੂਟ (Inuits) ਦੇ ਤੌਰ ‘ਤੇ ਦਰਸਾਇਆ ਗਿਆ ਹੈ। ਅਸੀਂ ਜਾਣਦੇ ਹਾਂ ਕਿ ਸਵਦੇਸ਼ੀ ਲੋਕ ਗਰੀਬੀ, ਸੰਸਥਾਗਤ ਢਾਂਚੇ ਅਤੇ ਨਸਲੀ ਭੇਦ ਤੋਂ ਸਭ ਤੋਂ ਵੱਧ ਪ੍ਰਭਾਵਿਤ ਹਨ। ਇਸ ਲਈ ਉਹਨਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਵਿਲੱਖਣ ਰਣਨੀਤੀਆਂ ਦੀ ਜ਼ਰੂਰਤ ਹੈ ।

ਨਸਲਵਾਦ (Racism) ਦਾ ਸ਼ਿਕਾਰ ਕਮਿਊਨਿਟੀਆਂ ਗਰੀਬੀ ਦੇ ਨਿਰੰਤਰ ਅਤੇ ਅਸਪਸ਼ਟ ਪੱਧਰ ਦਾ ਅਨੁਭਵ ਕਰਦੀਆਂ ਹਨ । ਦੂਜੇ ਸ਼ਬਦਾਂ ਵਿਚ, ਰੰਗ ਦੇ ਲੋਕ ਅਤੇ ਸਵਦੇਸ਼ੀ ਲੋਕਾਂ ਵਿੱਚ ਗੈਰ-ਜਾਤੀਗਤ ਲੋਕਾਂ ਨਾਲੋਂ ਲਿਕੋ/ਲਿਮ (LICO/LIM) ਰੇਖਾ ਤੋਂ ਹੇਠਾਂ ਆ ਜਾਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ ਜਿਸ ਕਰਕੇ ਉਹਨਾਂ ਨੂੰ ਮਾੜੀ ਸਿਹਤ, ਘੱਟ ਸਿੱਖਿਆ, ਨੌਕਰੀ ਦੇ ਘੱਟ ਮੌਕੇ ਆਦਿ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਹਾਲਾਂਕਿ ਘੱਟ ਆਮਦਨੀ ਅਤੇ ਬੇਰੁਜ਼ਗਾਰੀ ਵਰਗੀ ਸਮੱਸਿਆ ਦਾ ਸਾਹਮਣਾ ਕਿਸੇ ਨੂੰ ਵੀ ਕਰਨਾ ਪੈ ਸਕਦਾ ਹੈ ਪਰ ਵਿਅਕਤੀਗਤ ਅਤੇ ਪ੍ਰਣਾਲੀਗਤ ਨਸਲਵਾਦ ਰੰਗਾਂ ਵਾਲੇ ਅਤੇ ਦੇਸੀ ਲੋਕਾਂ ਲਈ ਪਛੜੇ ਹਾਲਤਾਂ ਅਤੇ ਰੁਕਾਵਟਾਂ ਪੈਦਾ ਕਰਨ ਵਿਚ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ ।

ਵਿਤਕਰੇ (Discrimination) ਦਾ ਅਰਥ ਹੈ ਕਿ ਬਰਾਬਰ ਯੋਗਤਾ ਹੋਣ ਦੇ ਬਾਵਜੂਦ ਵੀ ਉਹਨਾਂ ਨੂੰ ਦੂਸਰਿਆਂ ਦੇ ਮੁਕਾਬਲੇ ਨੌਕਰੀ ਮਿਲਣ ਦੀ ਘੱਟ ਸੰਭਾਵਨਾ ਦਾ ਘੱਟ ਹੋਣਾ ਜਿਸ ਕਰਕੇ ਉਹਨਾਂ ਦੀ ਬੁਰੀ ਸਿਹਤ, ਘੱਟ ਆਮਦਨ ਅਤੇ ਮਾੜੀਆਂ ਹਾਲਤਾਂ ਵਿਚ ਕੰਮ ਕਰਨ ਦੀ ਵਧੇਰੇ ਸੰਭਾਵਨਾ ਵੱਧ ਜਾਂਦੀ ਹੈ।

# ਸਿਸਟੇਮੈਟਿਕ ਨਸਲਵਾਦ (Systematic Racism) ਅਤੇ ਨਸਲੀ ਗਰੀਬੀ ਬਾਰੇ ਗੱਲ ਕਰਨਾ ਸਮੇਂ ਦੀ ਜ਼ਰੂਰਤ...

> *ਅਸੀਂ ਨਸਲਭੇਦ ਕਰਨ ਵਾਲੇ ਸਮਾਜ ਵਿੱਚ ਰਹਿੰਦੇ ਹਾਂ। ਸਾਡਾ ਗੁਲਾਮੀ, ਬਸਤੀਵਾਦ ਅਤੇ ਸੰਸਥਾਵਾਂ ਦਾ ਇਤਿਹਾਸ ਸਾਡੇ ਅੱਜ ਨੂੰ ਪ੍ਰਭਾਵਿਤ ਕਰਦਾ ਹੈ ਜਿਸ ਕਰਕੇ ਜਾਤੀਗਤ, ਇੰਡੀਜੀਨਸ ਲੋਕਾਂ ਅਤੇ ਹੋਰਾਂ ਵਿਚਕਾਰ ਪਾੜਾ ਹੋਰ ਵੱਧਦਾ ਜਾ ਰਿਹਾ ਹੈ । ਇਹ ਅਸਹਿਣਯੋਗ ਹੈ ।*
>
> *– ਏ ਬੈਟਰ ਵੇਅ ਫਾਰਵਰਡ: ਓਨਟਾਰੀਓ ਦੀ 3 ਸਾਲਾ ਨਸਲਵਾਦ ਵਿਰੋਧੀ ਯੋਜਨਾ*
> *(A Better Way Forward: Ontario's 3-Year Anti-Racism Strategic Plan)*

## ਪ੍ਰਣਾਲੀਗਤ ਨਸਲਵਾਦ (Systematic Racism) ਕੀ ਹੈ?

ਸਿਸਟੇਮੈਟਿਕ ਰੇਸਿਜ਼ਮ (Systematic Racism) ਤੋਂ ਭਾਵ ਇਕ ਜਾਂ ਇਕ ਤੋਂ ਵੱਧ ਸੰਸਥਾਵਾਂ ਦਾ ਸਮੂਹ ਮਿਲ ਕੇ ਨਸਲੀ ਅਸਮਾਨਤਾ ਨੂੰ ਪੈਦਾ ਜਾਂ ਕਾਇਮ ਰੱਖਣ ਲਈ ਕੰਮ ਤੋਂ ਹੈ। ਇਹ ਜ਼ਰੂਰੀ ਨਹੀਂ ਕਿ ਕਿਸੇ ਸੰਗਠਨ ਵਿਚਲੇ ਲੋਕ ਨਸਲਵਾਦੀ ਹਨ, ਇਹ ਅਣਜਾਣੇ ਵਿੱਚ ਵੀ ਹੋ ਸਕਦਾ ਹੈ। ਇਹ ਅਕਸਰ ਨੀਤੀਆਂ ਅਤੇ ਕੰਮਕਾਜ ਵਿੱਚ ਛੁਪੇ ਸੰਸਥਾਗਤ ਪੱਖਪਾਤ ਦੇ ਕਾਰਨ ਹੁੰਦਾ ਹੈ ਜਿਸ ਵਿੱਚ ਕਿਸੇ ਗਰੁੱਪ ਦੇ ਲੋਕਾਂ ਦੇ ਮੁਕਾਬਲੇ ਦੂਸਰੇ ਗਰੁੱਪ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਜਾਂਦੇ ਹਨ ਜਾਂ ਉਹਨਾਂ ਦੇ ਮੌਜੂਦਾ ਹੱਕ ਵੀ ਖੋਹ ਲਏ ਜਾਂਦੇ ਹਨ।

ਅਜਿਹਾ ਵਿਵਹਾਰ ਦੇਸੀ, ਕਾਲੇ ਲੋਕਾਂ ਅਤੇ ਹੋਰ ਰੰਗਾਂ ਦੇ ਲੋਕਾਂ ਦੀ ਜੇਲਾਂ ਅਤੇ ਬਾਲ ਭਲਾਈ ਸਕੀਮਾਂ ਵਿਚ ਸ਼ਾਮੂਲੀਅਤ ਵਿੱਚ ਵਾਧਾ ਕਰ ਸਕਦਾ ਹੈ । ਨਸਲਵਾਦ ਦੀ ਸ਼ਿਕਾਰ ਕਮਿਊਨਿਟੀ ਦੇ ਨੌਜਵਾਨਾਂ ਨੂੰ ਸਿਹਤ ਸਮੱਸਿਆਵਾਂ ਅਤੇ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਨਸਲਵਾਦ ਦੀ ਹੋਂਦ ਨੂੰ ਸਵੀਕਾਰ ਕਰਕੇ ਨਿਰਪੱਖਤਾ ਤੇ ਨਿਆਂ ਦੀ ਵਕਾਲਤ ਕਰਨਾ ਇਸ ਨੂੰ ਦੂਰ ਕਰਨ ਲਈ ਇਕ ਪ੍ਰਭਾਵਸ਼ਾਲੀ ਕਦਮ ਹੈ । ਇਸ ਪ੍ਰਕਿਰਿਆ ਨੂੰ ਸਵੀਕਾਰ ਕਰਨਾ ਸਾਨੂੰ ਇਹ ਪਹਿਚਾਨਣ ਵਿੱਚ ਮਦਦ ਕਰਦਾ ਹੈ ਕਿ ਕਿਸ ਤਰ੍ਹਾਂ ਲੋਕਾਂ ਨੂੰ ਨਸਲ ਦੇ ਆਧਾਰ 'ਤੇ ਭੇਦਭਾਵ ਕਰਦਿਆ ਅਧਿਕਾਰਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਇਸ ਪ੍ਰਕਿਰਿਆ ਨੂੰ ਸਮਝ ਕੇ ਹੀ ਅਸੀਂ ਪੱਖਪਾਤ, ਬਦਸਲੂਕੀ, ਅਸਮਾਨਤਾ ਵਰਗੇ ਮੁੱਦਿਆਂ ਨੂੰ ਸੁਚੱਜੇ ਢੰਗ ਨਾਲ ਸੰਬੋਧਿਤ ਕਰ ਸਕਦੇ ਹਾਂ।



*ਸਾਲ 2016 ਵਿੱਚ, ਕਨੇਡਾ ਵਿੱਚ ਰੰਗ ਦੇ ਲੋਕਾਂ ਦਾ ਅਨੁਪਾਤ 22% ਸੀ। ਉਨਟਾਰੀਓ ਵਿੱਚ ਇਹ ਅਨੁਪਾਤ 29% (3,885,585*

*ਕਨੇਡਾ ਵਿੱਚ ਨਸਲਵਾਦੀ ਲੋਕਾਂ ਦੀ ਗਰੀਬੀ ਵਿੱਚ ਰਹਿਣ ਦੀ ਸੰਭਾਵਨਾ ਕਾਫੀ ਜ਼ਿਆਦਾ ਹਨ । 2016 ਦੀ ਮਰਦਮਸ਼ੁਮਾਰੀ ਨੇ ਦਰਸਾਇਆ ਕਿ ਗੈਰ-ਜਾਤੀਗਤ (12.2%) ਲੋਕਾਂ ਦੇ ਮੁਕਾਬਲੇ 20.8% ਰੰਗ ਦੇ ਲੋਕਾਂ ਦੀ ਆਮਦਨੀ ਘੱਟ ਹੈ*

*2015 ਵਿੱਚ, ਜਾਤੀਗਤ ਅਤੇ ਗੈਰ-ਜਾਤੀਗਤ ਵਸਨੀਕਾਂ ਦਰਮਿਆਨ ਔਸਤ ਆਮਦਨੀ ਦਾ ਪਾੜਾ 25% ਤੋਂ 26% ਤੱਕ ਵਧਿਆ ।*

*2016 ਦੇ ਅੰਕੜਿਆਂ ਅਨੁਸਾਰ, ਕਨੇਡਾ ਵਿੱਚ ਰਿਜ਼ਰਵ ਖੇਤਰਾਂ ਵਿੱਚ ਵਸਦੇ ਲਗਭਗ 80% ਦੇਸੀ ਲੋਕ ਗਰੀਬੀ ਵਿੱਚ ਜੀ ਰਹੇ ਹਨ। 27 ਕਮਿਊਨਿਟੀਆਂ ਦੀ ਔਸਤਨ ਆਮਦਨ 10,000 ਡਾਲਰ ਤੋਂ ਵੀ ਘੱਟ ਹੈ ।*

*ਲਗਾਤਾਰ 5 ਸਾਲਾਂ ਤੋਂ ਲਿਕੋ (LICO) ਰੇਖਾਂ ਤੋਂ ਹੇਠਾਂ ਰਹਿ ਰਹੇ 41% ਪ੍ਰਵਾਸੀਆਂ ਕੋਲ ਉਚੇਰੀ ਸਿੱਖਿਆ ਦੀ ਡਿਗਰੀ ਹੈ।*